# ਹਵਾਵਾਂ ਦੀ ਸਾਂਝ

ਵੈਨਕੂਵਰ ਦੀਏ ਸੀਤਲੇ ਹਵਾ, ਤੂੰ ਲਹੌਰ ਵਲ ਵੀ ਜਾਹ
ਆਪਣੀ ਨਿੱਘੀ ਨਮੀ, ਖੁਸ਼ਕ ਹਵਾ 'ਚ ਮਿਲਾ

ਸੁੱਕੀ ਸੁੱਕੀ ਠੰਡ ਰਹੀ ਲਹੌਰੀਆਂ ਨੂੰ ਤੜਪਾ
ਬੱਦਲ ਲੈ ਜਾ ਉੜਾ ਕੇ, ਵਲ ਲਹੌਰ ਦੀ ਦਿਸ਼ਾ

ਨਾ ਤੂੰ ਲੋੜੇਂ ਪਾਸਪੋਰਟ, ਨਾ ਤੂੰ ਲੋੜੇਂ ਵੀਜ਼ਾ
ਨਾ ਲੱਗਣੇ ਡਾਲਰ ਤੇਰੇ, ਨਾ ਕਸਟਮ ਸਕਿਉਰਟੀ ਤੇ ਸਮਾਂ

ਤੈਨੂੰ ਕੋਈ ਨਾ ਦੇਖ ਸਕਦਾ, ਕਰਨ ਤੈਨੂੰ ਮਹਿਸੂਸ ਸਦਾ
ਤੂੰ ਤਾਂ ਵਗਦੀ ਵਗਦੀ, ਝੱਟ ਪਾਰ ਕਰ ਲਵੇਂ ਹੱਦਾਂ

ਤੈਨੂੰ ਸੱਜੇ ਖੱਬੇ, ਅੱਗੇ ਪਿੱਛੇ, ਰੋਕ ਨਾ ਕੋਈ ਸਕਦਾ

ਤੂੰ ਸ਼ੁਰਕ ਕਰ ਕੇ ਲੰਘੇ ਕੋਲੋਂ, ਬਿਨ ਦੱਸੇ ਥਹੁ ਪਤਾ

ਗੁਰਮੁਖੀ ਤੇ ਸ਼ਾਹਮੁਖੀ ਨੇ, ਸਾਂਝਾਂ ਲਈਆਂ ਪਾ
ਤੂੰ ਵੀ ਰਿਸ਼ਤਾ ਜੋੜ ਲੈ, ਸੰਗ ਲਹੌਰ ਦੀ ਹਵਾ

ਸਾਡੇ ਪਿਆਰੇ ਨਾਲ ਦੋਸਤਾਂ, ਤੂੰ ਵੀ ਦੋਸਤੀ ਨਿਭਾ
ਹੱਥੀਂ ਛਾਵਾਂ ਕਰਨ ਤੈਨੂੰ, ਸੇਜਲ ਪਲਕਾਂ ਤੇ ਬਿਠਾ

ਵੈਨਕੂਵਰ ਦੀਏ ਸੀਤਲੇ ਹਵਾ, ਤੂੰ ਲਹੌਰ ਵਲ ਵੀ ਜਾਹ

ਆਪਣੀ ਨਿੱਘੀ ਨਮੀ, ਖੁਸ਼ਕ ਹਵਾ 'ਚ ਮਿਲਾ।